# ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟਰ ਡਾਇਰੈਕਟਰ
# ਸਮਗਰਾ ਸਿੱਖਿਆ ਅਭਿਆਨ, ਪੰਜਾਬ

ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਐਸ.ਏ.ਐਸ.ਨਗਰ (ਮੁਹਾਲੀ)
ਫੋਨ ਨੰ: 0172-5212569

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)
ਸਮੂਹ ਪ੍ਰਿੰਸੀਪਲਜ਼ ਡਾਇਟ
ਸਮੂਹ ਉਪ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ/ਐ.ਸਿ.)
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ

ਮੀਮੋ ਨੰਬਰ: DGSE/Dy SPD (RMSA)/2018/105857 **Dated:17.12.2018**

ਵਿਸ਼ਾ: ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੇ ਦਾਖਲੇ ਸਬੰਧੀ।

1.0 ਆਪ ਜੀ ਨੂੰ ਪਤਾ ਹੈ ਕਿ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿਚ ਦਾਖਲਾ ਮੁਹਿੰਮ ਅਪ੍ਰੈਲ ਦੀ ਬਜਾਏ ਦਸਬੰਰ ਮਹੀਨੇ ਵਿਚ ਹੀ ਸੁਰੂ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਦੇ ਤਹਿਤ ਸਰਕਾਰੀ ਸਕੂਲਾਂ ਵਿਚ ਪ੍ਰੀ-ਪ੍ਰਾਇਮਰੀ ਦਾਖ਼ਲਾ ਮੁਹਿੰਮ 18 ਦਸਬੰਰ ਤੋਂ ਸੁਰੂ ਕੀਤੀ ਜਾ ਰਹੀ ਹੈ।

2.0 ਇਸ ਸਬੰਧ ਵਿਚ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)/(ਐ.ਸਿ.), ਸਮੂਹ DIET Principals, ਸਮੂਹ ਉਪ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)/(ਐ.ਸਿ.), ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, District Mentor, Block Mentors (Eng, math, Science) BMTs, CMTs ਵੱਲੋਂ ਆਪਣੇ ਜਿਲ੍ਹੇ/ਬਲਾਕ ਅਧੀਨ ਪੈਂਦੇ ਸਕੂਲਾਂ ਦੀ ਲਗਾਤਾਰ ਵਿਜ਼ਿਟ ਕੀਤੀ ਜਾਵੇਗੀ। ਵਿਜ਼ਿਟ ਦੌਰਾਨ ਉਹ ਸਕੂਲ ਦੀ ਮੈਨੇਜਮੈਂਟ ਕੇਮਟੀਆਂ, ਪੰਚਾਇਤ ਮੈਂਬਰਜ਼, ਬੱਚਿਆ ਦੇ ਮਾਪਿਆਂ ਨਾਲ ਰਾਬਤਾ ਕਾਇਮ ਕਰਕੇ ਸਿੱਖਿਆ ਵਿਭਾਗ ਦੀਆਂ ਸਕੀਮਾਂ/ਪ੍ਰਾਪਤੀਆਂ ਬਾਰੇ ਲੋਕਾ ਨੂੰ ਜਾਣੂ ਕਰਵਾਉਣਗੇ ਅਤੇ ਵੱਧ ਤੋਂ ਵੱਧ ਬੱਚਿਆ ਨੂੰ ਦਾਖ਼ਲ ਕਰਵਾਉਣ ਲਈ ਉਤਸ਼ਾਹਿਤ ਕਰਨਗੇ।

3.0 ਜਿਵੇਂ ਕਿ ਆਂਗਣਵਾੜੀ ਵਰਕਰਾਂ ਦਾ ਪ੍ਰੀ-ਪ੍ਰਾਇਮਰੀ ਦੇ ਦਾਖਲਾ ਮੁਹਿੰਮ ਵਿਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਸ ਵਾਰ ਵੀ ਸਮੂਹ ਆਂਗਣਵਾੜੀ ਵਰਕਰਜ਼ ਅਤੇ ਸਕੂਲ ਅਧਿਆਪਕ ਮਿਲਕੇ ਬੱਚਿਆਂ ਦੇ ਦਾਖਲੇ ਲਈ ਵੱਧ ਤੋਂ ਵੱਧ ਬੱਚਿਆ ਨੂੰ ਆਂਗਣਵਾੜੀ ਸੈਂਟਰਜ਼/ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾਉਣਗੇ ਅਤੇ ਸਿੱਖਿਆ ਵਿਭਾਗ ਵੱਲੋਂ ਕੀਤੇ ਗਏ ਉਪਰਾਲੇ ਜਿਵੇਂ ਕਿ Smart Class

rooms, E-Content , English Medium, Free Education, Mid-Day-Meal, Free Uniforms, Free Text Books, Scholarship Schemes ਆਦਿ ਬਾਰੇ ਸਥਾਨਕ ਲੋਕਾਂ ਨੂੰ ਵੱਧ ਤੋਂ ਵੱਧ ਜਾਣੂ ਕਰਵਾਉਣਗੇ।

4.0 ਦਾਖ਼ਲਾ ਮੁਹਿੰਮ ਲਈ ਮੁੱਖ ਦਫ਼ਤਰ ਵਿਖੇ ਵੱਖ-ਵੱਖ ਜਿਲ੍ਹਿਆ ਲਈ ਨਾਮਜਦ ਨੋਡਲ ਅਫ਼ਸਰ ਵੀ ਆਪਣੇ-ਆਪਣੇ ਜਿਲ੍ਹੇ ਵਿਚ ਜਾਣਗੇ ਅਤੇ ਸਬੰਧਤ ਜਿਲ੍ਹਿਆ ਦੇ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)/(ਐ.ਸਿ.) ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਡੀ.ਐਮ., ਬੀ.ਐਮ, ਨਾਲ ਰਾਬਤਾ ਕਾਇਮ ਕਰਕੇ ਸਕੂਲਾਂ ਵਿਚ ਚਲਦੇ ਦਾਖਲੇ/ਮੁਹਿੰਮ ਦੀ ਰੋਜ਼ਾਨਾ ਰਿਪੋਰਟ ਮੁੱਖ ਦਫ਼ਤਰ ਦੀ ਈ-ਮੇਲ ਆਈ.ਡੀ. rmsa.admin@punjabeducation.gov.in ਤੇ ਭੇਜਣਗੇ।

5.0 ਦਾਖ਼ਲਾ ਮੁਹਿੰਮ ਲਈ ਕਿਸੇ ਵੀ ਇੰਨਕੁਆਰੀ ਦੇ ਸਬੰਧ ਵਿਚ ਸ੍ਰੀ ਸੰਜੀਵ ਸ਼ਰਮਾ Dy SPD ਸਮਗਰਾ ਸਿੱਖਿਆ ਅਭਿਆਨ ਦੇ ਮੋਬਾਇਲ ਨੰਬਰ 99145-00136 ਤੇ ਸੰਪਰਕ ਕੀਤਾ ਜਾਵੇ।

6.0 ਹੁਕਮਾਂ ਦੀ ਪਾਲਣਾ ਕਰਨਾ ਇੰਨ-ਬਿੰਨ ਯਕੀਨੀ ਬਣਾਈ ਜਾਵੇ।

o/c ਡਾਇਰੈਕਟਰ ਐਸ.ਸੀ.ਈ.ਆਰ.ਟੀ.
ਪੰਜਾਬ ।

ਮਿਤੀ: ਉੱਕਤ

ਪਿੰਠ ਅੰਕਣ ਨੰਬਰ: ਉੱਕਤ

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ,ਪੰਜਾਬ
2. ਪੀ.ਏ. ਟੂ ਡੀ.ਜੀ.ਐਸ.ਈ, ਪੰਜਾਬ
3. ਪੀ.ਏ. ਟੂ ਡੀ.ਪੀ.ਆਈ. (ਸੈ.ਸਿ.), ਪੰਜਾਬ
4. ਪੀ.ਏ. ਟੂ ਡੀ.ਪੀ.ਆਈ. (ਐ.ਸਿ.), ਪੰਜਾਬ
5. ਸਮੂਹ ਨੋਡਲ ਅਫ਼ਸਰ

o/c ਡਾਇਰੈਕਟਰ ਐਸ.ਸੀ.ਈ.ਆਰ.ਟੀ.
ਪੰਜਾਬ ।